ਮਿੱਠੇ ਬੱਚੇ:- "ਮਿੱਠੇ ਬੱਚੇ:- ਗਿਆਨ ਨੂੰ ਅਗਨੀ ਨਹੀਂ ਕਿਹਾ ਜਾਂਦਾ, ਯੋਗ ਅਗਨੀ ਹੈ, ਯੋਗ ਵਿੱਚ ਰਹਿਣ ਨਾਲ ਹੀ ਤੁਹਾਡੇ ਪਾਪ ਭਸਮ ਹੋਣਗੇ, ਤੁਸੀਂ ਸਵੱਛ ਗੋਰਾ ਬਣ ਜਾਓਗੇ"

ਪ੍ਰਸ਼ਨ:- ਕਿੰਨ੍ਹਾ ਬੱਚਿਆਂ ਦੀ ਬੁੱਧੀ ਰੂਪੀ ਤਰਕਸ ਵਿੱਚ ਗਿਆਨ ਬਾਣ ਸਦਾ ਭਰੇ ਰਹਿੰਦੇ ਹਨ?

ਉੱਤਰ:- ਜੋ ਰੋਜ਼ ਪੜ੍ਹਾਈ ਚੰਗੀ ਤਰ੍ਹਾਂ ਪੜ੍ਹਦੇ ਅਤੇ ਪੜ੍ਹਾਉਂਦੇ ਹਨ ਉਹਨਾਂ ਦੀ ਬੁੱਧੀ ਰੂਪੀ ਤਰਕਸ ਵਿੱਚ ਗਿਆਨ ਬਾਣ ਭਰੇ ਰਹਿੰਦੇ ਹਨ। ਉਹ ਹੀ ਮਾਤ - ਪਿਤਾ ਦੇ ਸਮਾਨ ਕੰਡਿਆਂ ਨੂੰ ਕਲੀ ਅਤੇ ਕਲੀਆਂ ਨੂੰ ਫੁੱਲ ਬਣਾਉਣ ਦੀ ਸੇਵਾ ਕਰ ਸਕਦੇ ਹਨ। ਜੋ ਚੰਗੀ ਤਰ੍ਹਾਂ ਪੜ੍ਹਦੇ ਅਤੇ ਪੜ੍ਹਾਉਂਦੇ ਹਨ ਉਹ ਉੱਚ ਪਦਵੀ ਪਾਉਂਦੇ ਹਨ।

ਗੀਤ:- ਕੌਣ ਆਇਆ ਮੇਰੇ ਮਨ ਦੇ ਦਵਾਰਾ...

ਓਮ ਸ਼ਾਂਤੀ। ਬੱਚਿਆਂ ਨੂੰ ਓਮ ਸ਼ਾਂਤੀ ਦਾ ਅਰਥ ਤਾਂ ਸਮਝਾਇਆ ਹੋਇਆ ਹੈ। ਓਮ ਮਾਨਾ ਅਹਿਮ ਆਤਮਾ ਕਹਿੰਦੀ ਹੈ ਮੇਰਾ ਸਵਧਰਮ ਸ਼ਾਂਤ ਹੈ ਅਤੇ ਮੈਂ ਸ਼ਾਂਤੀ ਦੇਸ਼ ਵਿੱਚ ਰਹਿਣ ਵਾਲੀ ਹਾਂ। ਇੱਥੇ ਇਹ ਆਰਗੇਂਸ ਮਿਲਦਾ ਹੈ ਤਾਂ ਟਾਕੀ ਬਣਦੀ ਹਾਂ। ਇਹਨਾਂ ਦੇ (ਸ਼ਰੀਰ ਦਾ) ਆਧਾਰ ਲੈ ਮੈਂ ਆਤਮਾ ਕਰਮ ਕਰਦੀ ਹਾਂ। ਕਰਮ ਤਾਂ ਕਰਮਇੰਦਰੀਆਂ ਨਾਲ ਹੀ ਕਰਨਗੇ ਨਾ। ਆਤਮਾ ਕਹਿੰਦੀ ਹੈ ਇਹ ਕੌਣ ਹੈ, ਕਿਥੋਂ ਤੋਂ ਆਇਆ ਹੈ? ਉਹਨਾਂ ਨੂੰ ਅਸੀਂ ਯਾਦ ਕਰਦੇ ਹਾਂ ਫਿਰ ਘੜੀ - ਘੜੀ ਭੁੱਲ ਜਾਂਦੇ ਹਨ ਕਿਉਂਕਿ ਇਸ ਬਾਪ ਦੀ ਯਾਦ ਵਿੱਚ ਕਦੀ ਬੈਠੇ ਹੀ ਨਹੀਂ ਹਨ। ਹੋਰ ਸਤਿਸੰਗਾਂ ਵਿੱਚ ਤਾਂ ਸਾਹਮਣੇ ਸੰਨਿਆਸੀ, ਵਿਦਵਾਨ ਆਦਿ ਬੈਠੇ ਹੁੰਦੇ ਹਨ। ਉਹ ਵੇਦ ਉਪਨਸ਼ਿਦ, ਰਮਾਇਣ ਆਦਿ ਹੀ ਸੁਣਾਉਣਗੇ। ਆਤਮ ਦੀ ਬੁੱਧੀ ਵਿੱਚ ਸ਼ਾਸਤਰ ਹੀ ਯਾਦ ਰਹਿੰਦੇ ਹਨ। ਗੁਰੂ ਨੂੰ ਦੇਖਣ ਲਗ ਜਾਂਦੇ ਹਨ। ਇੱਥੇ ਤਾਂ ਤੁਸੀਂ ਜਾਣਦੇ ਹੋ - ਪਰਮਪਿਤਾ ਪਰਮਾਤਮਾ ਆਉਂਦੇ ਹਨ। ਹੈ ਉਹ ਵੀ ਆਤਮਾ, ਪਰ ਉਹ ਸੁਪ੍ਰੀਮ ਆਤਮਾ ਹੈ ਜੋ ਆਕੇ ਇਹਨਾਂ ਵਿੱਚ ਪ੍ਰਵੇਸ਼ ਕਰਦੇ ਹਨ। ਤੁਸੀਂ ਜਾਣਦੇ ਹੋ ਪਰਮਪਿਤਾ ਪਰਮਾਤਮ ਇਹਨਾਂ ਵਿੱਚ ਬੈਠ ਸਾਨੂੰ ਸਹਿਜ ਰਾਜਯੋਗ ਸਿਖਾਉਂਦੇ ਹਨ। ਤੁਹਾਡੀ ਬੁੱਧੀ ਸ਼ਾਸਤਰਾਂ ਵਲ ਅਤੇ ਦੇਹ ਵਲ ਨਹੀਂ ਜਾਂਦੀ। ਤੁਹਾਨੂੰ ਆਪਣੇ ਨੂੰ ਅਸ਼ਰੀਰੀ ਆਤਮਾ ਨਿਸ਼ਚੇ ਕਰਨਾ ਹੈ। ਆਤਮਾ ਹੈ ਫਸਟ। ਆਤਮਾ ਦੇ ਆਧਾਰ ਨਾਲ ਹੀ ਸ਼ਰੀਰ ਚੱਲਦਾ ਹੈ। ਆਤਮਾ ਅਵਿਨਾਸ਼ੀ ਹੈ। ਅਸੀਂ ਆਤਮਾ ਬੇਹੱਦ ਦੇ ਬਾਪ ਕੋਲੋਂ ਵਰਸਾ ਲੈਂਦੇ ਹਾਂ। ਬਾਪ ਆਪਣਾ ਅਤੇ ਮਨੁੱਖ ਸ੍ਰਿਸ਼ਟੀ ਦੇ ਆਦਿ - ਮੱਧ - ਅੰਤ ਦਾ ਪਰਿਚੇ ਬੈਠ ਦਿੰਦੇ ਹਨ। ਉਹਨਾਂ ਨੂੰ ਹੀ ਗਿਆਨ ਦਾ ਸਾਗਰ ਕਿਹਾ ਜਾਂਦਾ ਹੈ। ਈਸ਼ਵਰ ਅਤੇ ਉਹਨਾਂ ਦੀ ਰਚਨਾ ਦਾ ਗਿਆਨ ਹੋਰ ਕਿਸੇ ਵਿੱਚ ਨਹੀਂ ਹੈ। ਰਿਸ਼ੀ -ਮੁਨੀ ਆਦਿ ਸਭ ਬੇਅੰਤ, ਬੇਅੰਤ ਕਹਿੰਦੇ ਆਏ। ਰਚਤਾ ਅਤੇ ਰਚਨਾ ਬੇਅੰਤ ਹੈ, ਅਸੀਂ ਨਹੀਂ ਜਾਣਦੇ। ਕਿਹਾ ਜਾਂਦਾ ਹੈ ਫ਼ਾਦਰ ਸ਼ੋਜ਼ ਸੰਨਜ਼। ਬਾਪ ਆਪਣਾ ਪਰਿਚੇ ਬੱਚਿਆਂ ਨੂੰ ਦੇਣਗੇ। ਬੱਚੇ ਬਾਪ ਦਾ ਪਰਿਚੇ ਹੋਰਾਂ ਨੂੰ ਦੇਣਗੇ। ਮਨੁੱਖ ਤਾਂ ਉਸ ਬਾਪ ਨੂੰ ਨਾ ਜਾਨਣ ਦੇ ਕਾਰਣ ਕਹਿ ਦਿੰਦੇ ਹਨ ਸ੍ਰਵਵਿਆਪੀ ਹੈ। ਹੁਣ ਤੁਸੀਂ ਬੱਚਿਆਂ ਦੀ ਦਿਲ ਵਿੱਚ ਬਾਪ ਦੀ ਯਾਦ ਆਈ ਹੈ। ਇਵੇਂ ਨਹੀਂ, ਤੁਹਾਡੇ ਵਿੱਚ ਬਾਪ ਨੇ ਪ੍ਰਵੇਸ਼ ਕੀਤਾ ਹੈ। ਨਹੀਂ, ਬਾਪ ਦੀ ਪਹਿਚਾਣ ਮਿਲੀ ਹੈ। ਹੁਣ ਬਾਪ ਕਹਿੰਦੇ ਹਨ ਮੈਨੂੰ ਯਾਦ ਕਰੋ। ਇਵੇਂ ਨਹੀਂ ਕਹਿੰਦੇ ਹਨ ਕਿ ਮੈਂ ਸਰਵਵਿਆਪੀ ਹਾਂ। ਨਹੀਂ, ਮੈਨੂੰ ਯਾਦ ਕਰੋ ਤਾਂ ਯੋਗ ਅਗਨੀ ਨਾਲ ਤੁਹਾਡੇ ਵਿਕਰਮ ਵਿਨਾਸ਼ ਹੋਣਗੇ। ਬਾਪ ਤਾਂ ਸਰਵਸ਼ਕਤੀਮਾਨ ਹੈ ਨਾ। ਉਹਨਾਂ ਨੂੰ ਯਾਦ ਨਾਲ ਵਿਕਰਮ ਵਿਨਾਸ਼ ਹੁੰਦੇ ਹਨ। ਗਿਆਨ ਨੂੰ ਅਗਨੀ ਨਹੀਂ ਕਹਾਂਗੇ। ਯੋਗ ਨੂੰ ਅਗਨੀ ਕਿਹਾ ਜਾਂਦਾ ਹੈ ਜਿਸਨਾਲ ਪਾਪ ਭਸਮ ਹੁੰਦੇ ਹਨ। ਹੋਰ ਕਿਸੇ ਦੀ ਯਾਦ ਨਾਲ ਪਾਪ ਭਸਮ ਨਹੀਂ ਹੁੰਦੇ ਹਨ।

ਇਹ ਖੇਡ ਸਾਰਾ ਭਾਰਤ ਤੇ ਬਣਿਆ ਹੋਇਆ ਹੈ। ਭਾਰਤ ਹੀਰੇ ਵਰਗਾ ਸੀ ਅੰਤ ਵਿੱਚ ਫਿਰ ਭਾਰਤ ਕੌਡੀ ਵਰਗਾ ਬਣਦਾ ਹੈ। ਭਾਰਤ ਵਿੱਚ ਹੀਰੇ ਜਵਾਹਰਾਤਾ ਦੇ ਮਹਿਲ ਬਣਦੇ ਹਨ। ਸੋਮਨਾਥ ਦੇ ਮੰਦਿਰ ਵਿੱਚ ਕਿੰਨੀ ਮਲਕੀਅਤ ਸੀ। ਭਾਰਤ ਵਰਗਾ ਸਾਲਵੇਂਟ ਕੋਈ ਧਰਮ ਵਾਲੇ ਬਣ ਨਹੀਂ ਸਕਦੇ। ਭਾਰਤਵਾਸੀ ਮਹਾਨ ਸੁਖੀ ਸਨ। ਤੁਸੀਂ ਬੱਚਿਆਂ ਨੂੰ ਹੁਣ ਯਾਦ ਆਈ ਹੈ, 5 ਹਜ਼ਾਰ ਵਰ੍ਹੇ ਦੀ ਗੱਲ ਹੈ ਮਤਲਬ ਕ੍ਰਾਇਸਟ ਤੋਂ ਤਿੰਨ ਹਜ਼ਾਰ ਵਰ੍ਹੇ ਪਹਿਲੇ ਤੁਸੀਂ ਭਾਰਤਵਾਸੀ ਕਿੰਨੇ ਸ਼ਾਹੂਕਾਰ ਸੀ। ਹੁਣ ਬਿਲਕੁਲ ਇੰਨਸਲਵੇਂਟ ਹਨ। ਗੌਰਮਿੰਟ ਪ੍ਰਜਾ ਤੋਂ ਕਰਜ਼ਾ ਲੈਂਦੀ ਰਹਿੰਦੀ ਹੈ। ਇਹ ਬੇਹੱਦ ਦਾ ਬਾਪ ਬੈਠ ਸਮਝਾਉਂਦੇ ਹਨ।

ਤੁਸੀਂ ਸ਼੍ਰੀ ਸ਼੍ਰੀ ਸ਼ਿਵਬਾਬਾ ਦੀ ਮਤ ਤੇ ਚੱਲਣ ਨਾਲ ਸਵਰਗ ਦੇ ਸ਼੍ਰੇਸ਼ਠ ਦੇਵੀ - ਦੇਵਤਾ ਬਣੋਗੇ। ਇੱਥੇ ਤੁਸੀਂ ਆਏ ਹੋ ਮਨੁੱਖ ਤੋਂ ਦੇਵਤਾ ਬਣਨ। ਏਕੋਉਂਕਾਰ, ਸਤ ਨਾਮ, ਕਰਤਾ ਪੁਰਸ਼... ਇਹ ਮਹਿਮਾ ਸਾਰੀ ਉਸ ਇੱਕ ਦੀ ਹੀ ਹੈ। ਉਹਨਾਂ ਨੂੰ ਕਦੀ ਕਾਲ ਨਹੀਂ ਖਾਂਦਾ। ਉਹ ਹੀ ਮਨੁੱਖ ਤੋਂ ਦੇਵਤਾ ਬਣਾਉਂਦੇ ਹਨ। ਮੂਤ ਪਲੀਤੀ ਕਪੜੇ ਧੋਂਦੇ ਹਨ। ਤੁਸੀਂ ਆਤਮਾਵਾਂ ਨੂੰ ਯਾਦ ਅਤੇ ਗਿਆਨ ਨਾਲ ਸਫ਼ੇਦ ਅਤੇ ਗੋਰਾ ਬਣਾਉਂਦੇ ਹਨ। ਤੁਹਾਨੂੰ ਲਕਸ਼ ਮਿਲਦਾ ਹੈ ਕਿ ਸ਼ਿਵਬਾਬਾ ਨੂੰ ਯਾਦ ਕਰੋ, ਇਸਨਾਲ ਤੁਸੀਂ ਬਹੁਤ ਗੋਰਾ ਬਣ ਜਾਂਦੇ ਹੋ। ਆਤਮਾ ਅਤੇ ਸ਼ਰੀਰ ਦੋਵੇ ਹੀ ਸੁੰਦਰ ਬਣ ਜਾਣਗੇ। ਅਸਲ ਵਿੱਚ ਤੁਹਾਡਾ ਨਾਮ ਸ਼ਾਮ ਸੁੰਦਰ ਹੈ। ਸਤਿਯੁਗ ਵਿੱਚ ਸ਼ਰੀਰ ਅਤੇ ਆਤਮਾ ਦੋਵੇ ਸੋਹਣੇ ਸਨ। ਕਲਿਯੁਗ ਵਿੱਚ ਸ਼ਾਮ ਬਣਦੇ ਹੋ। ਸੁੰਦਰ ਤੋਂ ਸ਼ਾਮ ਫਿਰ ਸ਼ਾਮ ਤੋਂ ਸੁੰਦਰ ਬਣਦੇ ਹੋ।

ਤੁਸੀਂ ਜਾਣਦੇ ਹੋ ਇਹ ਕੋਈ ਗੁਰੂ ਗੋਸਾਈਂ ਨਹੀਂ ਹੈ। ਇਹ ਤਾਂ ਪਰਮਧਾਮ ਵਿੱਚ ਰਹਿਣ ਵਾਲਾ ਪਰਮਪ੍ਰਿਯ ਬਾਬਾ ਹੈ। ਕਹਿੰਦੇ ਹਨ ਜੋ ਧਰਮ ਗਲਾਨੀ ਹੋ ਜਾਂਦੀ ਹੈ, ਭਾਰਤਵਾਸੀ ਧਰਮ ਭ੍ਰਿਸ਼ਟ, ਕਰਮ ਭ੍ਰਿਸ਼ਟ ਬਣ ਜਾਂਦੇ ਹਨ ਉਦੋਂ ਮੈਂ ਆਉਂਦਾ ਹਾਂ। ਇਹ ਵੀ ਡਰਾਮੇ ਦਾ ਖੇਡ ਹੈ। ਸਾਲਵੇਂਟ ਅਤੇ ਇੰਨਸਾਲਵੈਂਟ ਬਣਦੇ ਹਨ। ਬਾਪ ਨੂੰ ਕਿਹਾ ਜਾਂਦਾ ਹੈ - ਨਾਲੇਜ਼ਫੁੱਲ ਗਿਆਨ ਦਾ ਸਾਗਰ। ਜਦੋਂ ਭਗਤੀ ਪੂਰੀ ਹੋਵੇ ਉਦੋਂ ਤਾਂ ਗਿਆਨ ਸਾਗਰ ਆਉਣ। ਗਿਆਨ ਅੰਜਨ ਸਤਿਗੁਰੂ ਦਿੱਤਾ ਅਗਿਆਨ ਅੰਧੇਰ ਵਿਨਾਸ਼। ਇਸ ਸਮੇਂ ਸਭ ਕੁੰਭਕਰਨ ਵਾਲੀ ਅਗਿਆਨ ਨੀਂਦ ਵਿੱਚ ਸੁਤੇ ਹੋਏ ਹਨ। ਕਹਿੰਦੇ ਹਨ ਓ ਗੋਡ ਫ਼ਾਦਰ ਪਰ ਫ਼ਾਦਰ ਨੂੰ ਜਾਣਦੇ ਨਹੀਂ। ਬਾਪ ਆਕੇ ਸਮਝਾਉਂਦੇ ਹਨ - ਹੁਣ ਆਪਣੇ ਨੂੰ ਆਤਮਾ ਨਿਸ਼ਚੇ ਕਰੋ। ਆਤਮਾ ਹੀ ਪਤਿਤ ਬਣਦੀ ਹੈ ਫਿਰ ਪਾਵਨ ਬਣਦੀ ਹੈ। ਸਤਿਯੁਗ ਵਿੱਚ ਪਾਵਨ ਸੀ ਫਿਰ 84 ਜਨਮ ਲੈ ਪਤਿਤ ਬਣੇ ਹਨ। ਇਹ ਵੀ ਪਹਿਲੇ ਨਹੀਂ ਜਾਣਦੇ ਸੀ, ਹੁਣ ਜਾਣਦੇ ਹਨ ਇਹਨਾਂ ਦੇ ਬਹੁਤ ਜਨਮਾਂ ਦੇ ਅੰਤ ਦਾ ਜਨਮ ਹੈ। ਸਭ ਗੱਲਾਂ ਵਿੱਚ ਅਨੁਭਵੀ ਹਨ। ਜਰੂਰ ਅਨੁਭਵੀ ਤਨ ਚਾਹੀਦਾ ਹੈ ਨਾ। ਗੁਰੂ ਆਦਿ ਕੀਤੇ ਹੋਏ ਹਨ। ਸ਼੍ਰੀਕ੍ਰਿਸ਼ਨ ਨੂੰ ਥੋੜੀ ਹੀ ਗੁਰੂ - ਗੋਸਾਈਂ ਕਰਨੇ ਪੈਂਦੇ। ਇਹ ਭੁੱਲ - ਭੁਲਾਇਆ ਦਾ ਖੇਡ ਹੈ। ਆਪਣੀ ਕਲਪਨਾਵਾਂ ਬੈਠ ਬਣਾਈਆਂ ਹਨ। ਤੁਸੀਂ ਬ੍ਰਾਹਮਣ ਕੁਲ ਭੂਸ਼ਨ ਉੱਚੇ ਹੋ। ਤੁਸੀਂ ਹੋ ਈਸ਼ਵਰੀ ਸੰਤਾਨ। ਇੱਥੇ ਤੁਸੀਂ ਯੱਗ ਦੀ ਸੱਚੀ - ਸੱਚੀ ਸੇਵਾ ਕਰਦੇ ਹੋ। ਅਸਲ ਵਿੱਚ ਤੁਸੀਂ ਹੋ ਰੂਹਾਨੀ ਸੋਸ਼ਲ ਵਰਕਰ, ਉਹ ਹਨ ਜਿਸਮਾਨੀ।

ਰੂਹਾਨੀ ਨੂੰ ਹੀ ਬਾਪ ਪੜ੍ਹਾਉਂਦੇ ਹਨ। ਆਤਮਾ ਪੜ੍ਹਦੀ ਹੈ ਨਾ। ਆਤਮਾ ਸੁਣਦੀ ਹੈ। ਆਤਮਾ ਕਹਿੰਦੀ ਹੈ ਬੈਰਿਸਟਰ ਬਣਿਆ ਹਾਂ… ਹੁਣ ਆਤਮਾ ਕਹਿੰਦੀ ਹੈ ਮੈਂ ਨਰ ਤੋਂ ਨਾਰਾਇਣ ਬਣ ਰਿਹਾ ਹਾਂ। ਬਾਬਾ ਬਣਾਉਂਦੇ ਹਨ। ਉਹ ਹੈ ਬੇਹੱਦ ਦਾ ਬਾਬਾ, ਸਭਦਾ ਬਾਬਾ ਹੈ। ਉਹ ਸਾਨੂੰ ਰਾਜਯੋਗ ਸਿਖਾਉਂਦੇ ਹਨ। ਉਹ ਹੈ ਨਿਰਾਕਾਰ। ਬ੍ਰਹਮਾ, ਵਿਸ਼ਨੂੰ, ਸ਼ੰਕਰ ਨੂੰ ਭਗਵਾਨ ਨਹੀਂ ਕਹਾਂਗੇ। ਉਹ ਤਾਂ ਦੇਵਤੇ ਹਨ। ਬ੍ਰਹਮਾ ਦੇਵਤਾਏ ਨਮ: ਕਿਹਾ ਜਾਂਦਾ ਹੈ ਨਾ। ਇਹ ਸਾਕਾਰ ਜਦੋਂ ਸੂਕ੍ਸ਼੍ਮਵਤਨਵਾਸੀ ਅਵਿਅਕਤ ਬਣਦੇ ਹਨ ਉਦੋਂ ਫਿਰ ਇਹਨਾਂ ਨੂੰ ਦੇਵਤਾ ਕਹਿਣਗੇ। ਤਾਂ ਇਹ ਸਭ ਸਮਝਣ ਅਤੇ ਸਮਝਾਉਣ ਦੀਆਂ ਗੱਲਾਂ ਹਨ। ਦਿਨ - ਪ੍ਰਤੀਦਿਨ ਗੁਹੇ ਤੇ ਗੁਹੇ ਸੁਣਾਉਂਦੇ ਹਨ ਤਾਂ ਉਹ ਵੀ ਸੁਣਨਾ ਚਾਹੀਦਾ ਹੈ। ਜੇਕਰ ਕਹਿੰਦੇ ਹਨ ਫੁਰਸਤ ਨਹੀਂ, ਸੁਣਨਗੇ ਨਹੀਂ ਤਾਂ ਨਵੇਂ - ਨਵੇਂ ਬਾਣ ਬੁੱਧੀ ਰੂਪੀ ਤਰਕਸ ਵਿੱਚ ਕਿਵੇਂ ਭਰਨਗੇ। ਜੋ ਚੰਗੀ ਤਰ੍ਹਾਂ ਪੜ੍ਹਕੇ ਪੜ੍ਹਾਉਂਦੇ ਹਨ, ਉਹ ਹੀ ਉੱਚ ਪਦਵੀ ਪਾਉਣਗੇ। ਬਾਬਾ- ਮੰਮਾ ਵੀ ਪੜ੍ਹਕੇ ਅਤੇ ਪੜ੍ਹਾਉਂਦੇ ਹਨ ਨਾ। ਤਾਂ ਜੋ ਕੰਡਿਆਂ ਨੂੰ ਕਲੀਆਂ ਅਤੇ ਫੁੱਲ ਬਣਾਉਂਦੇ ਰਹਿਣਗੇ, ਉਹ ਹੀ ਉੱਚ ਪਦਵੀ ਪਾਉਣਗੇ। ਉਹ ਤਾਂ ਬਹੁਤ ਸਹਿਜ ਹੈ। ਇਸ ਵਿੱਚ ਡਰਨਾ ਵੀ ਨਹੀਂ ਹੈ। ਬਹੁਤ ਲੋਕ ਕਹਿੰਦੇ ਹਨ ਇਹ ਤਾਂ ਬੜਾ ਮੁਸ਼ਕਿਲ ਹੈ। ਅਸੰਭਵ ਹੈ। ਅਰੇ, ਉਦੋਂ ਇਹ ਲਕਸ਼ਮੀ - ਨਰਾਇਣ ਕਿਵੇਂ ਬਣੇ। ਕਿਸੇ ਨੂੰ ਪਤਾ ਨਹੀਂ । ਬਾਪ ਕਹਿੰਦੇ ਹਨ ਮੈਂ ਇਹਨਾਂ ਵਿਚ ਪ੍ਰਵੇਸ਼ ਕੀਤਾ ਹੈ। ਇਸ ਨੇ ਪੂਰੇ 84 ਜਨਮ ਲੀਤੇ ਹਨ। ਇਹ ਨਹੀਂ ਜਾਣਦਾ ਹੈ, ਮੈਂ ਦੱਸਦਾ ਹਾਂ - ਤੁਸੀਂ ਸ਼੍ਰੀਕ੍ਰਿਸ਼ਨਪੁਰੀ ਦੇ ਮਾਲਿਕ ਸੀ। ਹੁਣ ਉਹ ਪਾਸਟ ਹੋ ਗਿਆ ਤਾਂ ਜਿਵੇਂ ਸੁਪਨਾ ਹੋ ਗਿਆ। ਜਿਸਨੇ ਜੋ ਐਕਟ ਕੀਤੀ ਉਹ ਪਾਸਟ ਹੋ ਗਈ। ਤੁਸੀਂ ਬ੍ਰਹਮੰਡ, ਮੂਲਵਤਨ, ਸੂਕ੍ਸ਼੍ਮਵਤਨ ਨੂੰ, ਬ੍ਰਹਮਾ, ਵਿਸ਼ਨੂੰ, ਸ਼ੰਕਰ ਦੀ ਬਾਓਗ੍ਰਾਫ਼ੀ ਨੂੰ ਜਾਣਦੇ ਹੋ। ਸ਼ਿਵਬਾਬਾ, ਲਕਸ਼ਮੀ - ਨਰਾਇਣ ਆਦਿ ਸਭਦੀ ਬਾਓਗ੍ਰਾਫ਼ੀ ਨੂੰ ਜਾਣਦੇ ਹੋ। ਤੁਹਾਡੀ ਬੁੱਧੀ ਵਿੱਚ ਸਾਰੀ ਨਾਲੇਜ਼ ਹੈ। ਬ੍ਰਾਹਮਣ ਵਰਨ ਹੈ ਸਭ ਤੋਂ ਉੱਚਾ। ਚੋਟੀ ਬ੍ਰਾਹਮਣਾਂ ਦੀ ਨਿਸ਼ਾਨੀ ਹੈ। ਬ੍ਰਾਹਮਣਾਂ ਤੋਂ ਉਪਰ ਹੈ ਸ਼ਿਵਬਾਬਾ। ਬ੍ਰਾਹਮਣ ਦੇਵਤਾ, ਸ਼ਤ੍ਰੀ, ਵੇਸ਼, ਸ਼ੂਦ੍ਰ। ਤੁਸੀਂ ਇਹ ਚੱਕਰ ਲਗਾਉਂਦੇ ਹੋ। ਅਸੀਂ ਸੋ, ਸੋ ਹਮ - ਇਹ ਤੁਹਾਡੇ ਨਾਲ ਹੀ ਲੱਗਦਾ ਹੈ। ਅਸੀਂ ਸੋ ਸ਼ੂਦ੍ਰ ਸੀ, ਫਿਰ ਅਸੀਂ ਸੋ ਬ੍ਰਾਹਮਣ ਬਣੇ ਹਾਂ, ਫਿਰ ਅਸੀਂ ਸੋ ਦੇਵਤਾ ਬਣਾਂਗੇ। ਕਿੰਨੀ ਸਹਿਜ ਗੱਲ ਹੈ। ਬਾਕੀ ਅਸੀਂ ਆਤਮਾ ਸੋ ਪਰਮਾਤਮਾ ਕਹਿਣਾ, ਬਾਪ ਨੂੰ ਸਰਵਿਆਪੀ ਕਹਿਣਾ, ਇਹ ਤਾਂ ਬਾਪ ਦੀ ਗਲਾਣੀ ਹੈ। ਹੁਣ ਬਾਪ ਆਏ ਹਨ, ਬਾਪ ਸਮਝਾਉਂਦੇ ਹਨ ਇਹ ਰਾਵਣ ਤੁਹਾਡਾ ਸਭਤੋਂ ਵੱਡਾ ਪੁਰਾਣਾ ਸ਼ਤਰੂ ਹੈ। ਜਿਸ ਨੇ ਤੁਹਾਨੂੰ ਇਵੇਂ ਦੇ ਪਤਿਤ ਕੌਡੀ ਵਰਗੇ ਬਣਾਇਆ ਹੈ। ਮਾਇਆ ਜਿੱਤੇ ਜਗਤਜੀਤ ਕਿਹਾ ਜਾਂਦਾ ਹੈ। ਮਾਇਆ ਬੜੇ ਤੂਫ਼ਾਨ ਲਿਆਉਂਦੀ ਹੈ, ਬਹੁਤ ਹੈਰਾਨ ਕਰਦੀ ਹੈ। ਇਸ ਵਿੱਚ ਡਰਨਾ ਨਹੀਂ ਹੈ। ਇਵੇਂ ਨਹੀਂ, ਬਾਬਾ ਕ੍ਰਿਪਾ ਕਰੋ। ਬਾਪ ਕਹਿਣਗੇ ਤੁਸੀਂ ਪੜ੍ਹਕੇ ਆਪਣੇ ਤੇ ਆਪੇਹੀ ਕਿਰਪਾ ਕਰੋ। ਇਵੇਂ ਨਹੀਂ, ਸਾਡੀ ਕਿਰਪਾ ਨਾਲ ਤੁਸੀਂ ਚਿਰੰਜੀਵ ਬਣ ਜਾਓਗੇ। ਵੱਡੀ ਉਮਰ ਵਾਲੇ ਤੇ ਦੇਵਤੇ ਹੀ ਹੁੰਦੇ ਹਨ। ਤੁਸੀਂ ਇੱਥੇ ਸਕੂਲ ਵਿੱਚ ਬੈਠੇ ਹੋ। ਤੁਸੀਂ ਕਹੋਗੇ ਅਸੀਂ ਈਸ਼ਵਰੀ ਕਾਲੇਜ ਵਿੱਚ ਜਾਂਦੇ ਹਾਂ। ਸਵਰਗ ਦਾ ਰਚਿਯਤਾ ਜਰੂਰ ਦੇਵੀ - ਦੇਵਤਾ ਹੀ ਬਣਾਉਣਗੇ। ਭਗਵਾਨੁਵਾਚ - ਤੁਹਾਨੂੰ ਆਪਣਾ ਅਤੇ ਸਾਰੀ ਸ੍ਰਿਸ਼ਟੀ ਦੇ ਆਦਿ - ਮੱਧ - ਅੰਤ ਦਾ ਰਾਜ਼ ਸਮਝਾਉਂਦਾ ਹਾਂ। ਇਹ ਦੁਨੀਆਂ ਦਾ ਜੋ ਚੱਕਰ ਹੈ, ਉਸਨੂੰ ਸਮਝਣਾ ਹੈ। ਇਸ ਸਵਦਰਸ਼ਨ ਚੱਕਰ ਨੂੰ ਚਲਾਉਣ ਨਾਲ ਤੁਸੀਂ ਚੱਕਰਵਰਤੀ ਰਾਜਾ - ਰਾਣੀ ਬਣੋਂਗੇ। ਪਵਿੱਤਰ ਤਾਂ ਜਰੂਰ ਬਣਨਾ ਹੈ। ਬਾਪ ਨਾਲ ਪ੍ਰਤਿਗਿਆ ਕਰਨੀ ਹੈ। ਨਹੀਂ ਤਾਂ ਕਾਲ ਦੇ ਮੂੰਹ ਵਿੱਚ ਚਲੇ ਜਾਵੋਗੇ, ਫਿਰ ਇਨਾਂ ਉੱਚ ਪਦਵੀ ਪਾ ਨਹੀਂ ਸਕਣਗੇ। ਕਾਮ ਚਿਤਾ ਤੇ ਕਾਲੇ ਬਣ ਜਾਵੋਗੇ। ਗਿਆਨ ਚਿਤਾ ਤੇ ਬੈਠਣ ਨਾਲ ਤੁਸੀਂ ਗੋਰੇ ਬਣਦੇ ਹੋ। ਬੱਚਿਆਂ ਨੂੰ ਗੋਰਾ ਬਣਾਉਣਾ, ਇਹ ਬਾਪ ਦਾ ਹੀ ਕੰਮ ਹੈ, ਇਸਦੇ ਲਈ ਜਰੂਰ ਸੰਗਮ ਤੇ ਹੀ ਆਉਣਾ ਪਵੇ। ਇਹ ਹੈ ਸਭਤੋਂ ਉਤਮ ਯੁਗ, ਜਦੋਂਕਿ ਆਤਮਾ ਅਤੇ ਪਰਮਾਤਮਾ ਦਾ ਮੇਲਾ ਲੱਗਦਾ ਹੈ। ਨਿਰਾਕਾਰ ਬਾਪ ਨੇ ਇਸ ਸ਼ਰੀਰ ਦਾ ਲੋਨ ਲਿਆ ਹੈ ਕਿਉਂਕਿ ਉਹਨਾਂ ਨੂੰ ਤੇ ਆਪਣਾ ਸ਼ਰੀਰ ਤੇ ਹੈ ਨਹੀਂ। ਇਹ ਗਿਆਨ ਚਕਸ਼ੂ ਸਿਵਾਏ ਉਸ ਇੱਕ ਗਿਆਨੇਸ਼ਵਰ ਦੇ ਹੋਰ ਕੋਈ ਖੋਲ੍ਹ ਨਾ ਸਕੇ। ਪਾਵਨ ਆਤਮਾਵਾਂ ਜੋ ਵੀ ਆਉਂਦੀਆ ਹਨ ਉਹ ਫਿਰ ਪਤਿਤ ਬਣ ਜਾਂਦੀਆਂ ਹਨ। ਸਤੋ, ਰਜੋ, ਤਮੋਂ ਵਿੱਚ ਤੇ ਸਭਨੂੰ ਆਉਣਾ ਹੀ ਹੈ। ਇਸ ਸਮੇਂ ਸਭ ਪਤਿਤ ਹਨ ਅਤੇ ਸਭ ਇੱਥੇ ਹੀ ਹਨ। ਵਾਪਿਸ ਕੋਈ ਗਏ ਨਹੀਂ ਹਨ। ਹੁਣ ਤੁਸੀਂ ਬੱਚੇ ਵਿਸ਼ਵ ਦੇ ਮਾਲਿਕ ਬਣ ਰਹੇ ਹੋ। ਸ਼ਿਵਬਾਬਾ ਕਹਿੰਦੇ ਹਨ ਮੈਂ ਤਾਂ ਨਿਸ਼ਕਾਮੀ ਹਾਂ, ਤੁਹਾਨੂੰ ਵਿਸ਼ਵ ਦਾ ਮਾਲਿਕ ਬਣਾਉਂਦਾ ਹਾਂ। ਮੈਨੂੰ ਫਲ ਦੀ ਕੋਈ ਇੱਛਾ ਨਹੀਂ। ਤਾਂ ਨਿਸ਼ਕਾਮੀ ਹੋਇਆ ਨਾ।

ਬਾਬਾ ਨੇ ਸਮਝਾਇਆ ਹੈ - ਇੱਥੇ ਆਪਣੇ ਨੂੰ ਆਤਮਾ ਸਮਝ ਅਸ਼ਰੀਰੀ ਹੋਕੇ ਬੈਠੋ? ਹੁਣ ਅਸੀਂ ਵਾਪਿਸ ਜਾਂਦੇ ਹਾਂ ਫਿਰ ਸਵਰਗ ਵਿੱਚ ਰਾਜ ਕਰਨ ਆਵਾਂਗੇ। ਇਹ ਸ਼ਰੀਰ ਛੱਡ ਅਸ਼ੀਰੀਰ ਬਣਕੇ ਜਾਣਾ ਹੈ। ਸ਼ਰੀਰ ਪੁਰਾਣਾ ਹੋਇਆ ਹੈ। ਹੁਣ ਫਿਰ ਅਸੀਂ ਵਾਪਿਸ ਘਰ ਜਾਂਦੇ ਹਾਂ। ਕਲਪ - ਕਲਪ ਅਸੀਂ ਰਾਜ ਲੈਂਦੇ ਹਾਂ ਫਿਰ ਗਵਾਉਂਦੇ ਹਾਂ। ਬਾਬਾ ਤਾਂ ਸੁਖ - ਦੁੱਖ ਨਹੀਂ ਦਿੰਦੇ ਹਨ। ਉਹ ਹੈ ਹੀ ਸਦੈਵ ਸੁਖ ਦਾਤਾ। ਬਾਬਾ ਨੇ ਸਮਝਾਇਆ ਹੈ ਇਹ ਵਿਨਾਸ਼ ਜਵਾਲਾ ਇਸ ਰੁਦ੍ਰ ਗਿਆਨ ਯਗ ਤੋਂ ਪ੍ਰਜਵਲਿਤ ਹੋਈ ਹੈ। ਬੱਚਿਆਂ ਨੇ ਸਾਖਸ਼ਾਤਕਾਰ ਵੀ ਕੀਤਾ ਹੈ। ਜਿਸ ਚੀਜ਼ ਦਾ ਸਾਕਸ਼ਾਤਕਾਰ ਕੀਤਾ ਹੈ। ਉਹ ਫਿਰ ਇਹਨਾਂ ਅੱਖਾਂ ਨਾਲ ਵੀ ਦੇਖਣਗੇ। ਜੋ ਦਿਵਯ ਦ੍ਰਿਸ਼ਟੀ ਨਾਲ ਦੇਖਿਆ ਹੈ ਫਿਰ ਪ੍ਰੈਕਟੀਕਲ ਵਿੱਚ ਤੁਸੀਂ ਜਾਕੇ ਸਵਰਗ ਵਿੱਚ ਵਿਰਾਜਮਾਨ ਹੋਵੋਂਗੇ। ਹੁਣ ਤੁਸੀਂ ਸ਼੍ਰੀਕ੍ਰਿਸ਼ਨਪੁਰੀ ਵਿੱਚ ਜਾਣ ਦੇ ਲਈ ਪੁਰਸ਼ਾਰਥ ਕਰ ਰਹੇ ਹੋ। ਭਗਵਾਨ ਆਉਂਦੇ ਹਨ ਭਗਤਾਂ ਦਾ ਕਲਿਆਣ ਕਰਨ, ਗਤੀ ਸਦਗਤੀ ਕਰਨ। ਤਾਂ ਤੁਸੀਂ ਭਗਵਾਨ ਦਵਾਰਾ ਸਵਰਗ ਦਾ ਵਰਸਾ ਲੈ ਰਹੇ ਹੋ। ਗਿਆਨ ਅਤੇ ਭਗਤੀ ਦੋ ਗੱਲਾਂ ਹਨ। ਅੱਛਾ!

ਮਿੱਠੇ- ਮਿੱਠੇ ਸਿੱਕੀਲਧੇ ਬੱਚਿਆਂ ਪ੍ਰਤੀ ਮਾਤ ਪਿਤਾ ਬਾਪਦਾਦਾ ਦਾ ਯਾਦ ਪਿਆਰ ਅਤੇ ਗੁੱਡਮੋਰਨਿੰਗ। ਰੂਹਾਨੀ ਬਾਪ ਦੀ ਰੂਹਾਨੀ ਬੱਚਿਆਂ ਨੂੰ ਨਮਸਤੇ।

ਧਾਰਨਾ ਲਈ ਮੁੱਖ ਸਾਰ:-

1. ਪੜ੍ਹਾਈ ਪੜ੍ਹਕੇ ਖੁਦ ਤੇ ਆਪੇਹੀ ਕਿਰਪਾ ਕਰਨੀ ਹੈ। ਬਾਪ ਕੋਲੋਂ ਕਿਰਪਾ ਮੰਗਣੀ ਨਹੀਂ ਹੈ। ਸ਼੍ਰੀ ਸ਼੍ਰੀ ਦੀ ਸ਼੍ਰੀਮਤ ਤੇ ਚੱਲਦੇ ਰਹਿਣਾ ਹੈ।

2. ਸਵਦਰਸ਼ਨ ਚੱਕਰਧਾਰੀ ਬਣ ਮਾਇਆ ਜਿੱਤ ਬਣਨਾ ਹੈ। ਮਾਇਆ ਤੋਂ ਡਰਨਾ ਅਤੇ ਘਬਰਾਉਣਾ ਨਹੀਂ ਹੈ। ਅਸ਼ਰੀਰੀ ਹੋਣ ਦਾ ਅਭਿਆਸ ਕਰਨਾ ਹੈ।

ਵਰਦਾਨ:- ਇੱਕ ਹੀ ਸਮੇਂ ਮਨ - ਵਾਨੀ ਅਤੇ ਕਰਮ ਦਵਾਰਾ ਨਾਲ - ਨਾਲ ਸੇਵਾ ਕਰਨ ਵਾਲੇ ਸਫਲਤਾ ਸੰਪੰਨ ਭਵ

ਜਦੋਂ ਵੀ ਕਿਸੇ ਸਥਾਨ ਦੀ ਸੇਵਾ ਕਰਦੇ ਹੋ ਤਾਂ ਇੱਕ ਹੀ ਸਮੇਂ ਤੇ ਸਰਵ ਤਰ੍ਹਾਂ ਦੀ ਸੇਵਾ ਕਰੋ। ਮਨਸਾ ਵਿੱਚ ਸ਼ੁਭ ਭਾਵਨਾ, ਵਾਣੀ ਵਿੱਚ ਬਾਪ ਤੋਂ ਸੰਬੰਧ ਜੁੜਵਾਣੇ ਦੀ ਸ਼ੁਭ ਕਾਮਨਾ ਦੇ ਸ਼੍ਰੇਸ਼ਠ ਬੋਲ ਅਤੇ ਸੰਬੰਧ - ਸੰਪਰਕ ਵਿੱਚ ਆਉਣ ਨਾਲ ਸਨੇਹ ਅਤੇ ਸ਼ਾਂਤੀ ਸਵਰੂਪ ਨਾਲ ਆਕ੍ਰਿਸ਼ਤ ਕਰੋ। ਇਵੇਂ ਸਰਵ ਤਰ੍ਹਾਂ ਦੀ ਸੇਵਾ ਨਾਲ - ਨਾਲ ਕਰਨ ਨਾਲ ਸਫ਼ਲਤਾ ਸੰਪੰਨ ਬਣੋਗੇ। ਸੇਵਾ ਦੇ ਹਰ ਕਰਮ ਵਿੱਚ ਸਫਲਤਾ ਸਮਾਈ ਹੋਈ ਹੈ - ਇਸ ਨਿਸ਼ਚੇ ਦੇ ਆਧਾਰ ਤੇ ਸੇਵਾ ਕਰਦੇ ਚੱਲੋ।

ਸਲੋਗਨ:- ਸ਼ੁੱਧ ਸੰਕਲਪਾਂ ਨੂੰ ਆਪਣੇ ਜੀਵਨ ਦਾ ਅਮੂਲ ਖਜ਼ਾਨਾ ਬਣਾ ਲਵੋ ਤਾਂ ਉਹ ਹੀ ਸੰਕਲਪ ਉੱਠਣਗੇ ਜਿਸ ਵਿੱਚ ਆਪਣਾ ਅਤੇ ਦੂਸਰਿਆਂ ਦਾ ਕਲਿਆਣ ਸਮਾਇਆ ਹੋਇਆ ਹੈ।

******